# <u>ਫਿਰੋਜ਼ਪੁਰ ਪੁਲਿਸ</u>

(ਪ੍ਰੈਸ ਨੋਟ)

**ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਸਪੈਸ਼ਲ ਡੀ.ਜੀ.ਪੀ., ਪੀ.ਐੱਸ.ਪੀ.ਸੀ.ਐੱਲ., ਪੰਜਾਬ ਦੀ ਨਿਗਰਾਨੀ ਹੇਠ ਆਪਰੇਸ਼ਨ "VIGIL" ਤਹਿਤ ਸਮਾਜ ਵਿਰੋਧੀ ਅਨਸਰਾਂ ਖਿਲਾਫ ਮਿਤੀ 09 ਅਤੇ 10 ਮਾਈ, 2023 ਨੂੰ ਸਪੈਸ਼ਲ ਮੁਹਿੰਮ ਚਲਾਈ ਗਈ, ਜਿਸ ਦੀ ਕਾਮਯਾਬੀ ਸਦਕਾ ਸਮਾਜ ਵਿੱਚ ਹਾਂਪੱਖੀ ਸੰਦੇਸ਼ ਗਿਆ ਹੈ ਅਤੇ ਪੁਲਿਸ ਨੂੰ ਹੇਠ ਲਿਖੇ ਅਨੁਸਾਰ ਸਫਲਤਾਵਾਂ ਮਿਲੀਆ ਹਨ:**

- **ਸੀ.ਆਈ.ਏ. ਸਟਾਫ ਦੀ ਇੱਕ ਟੀਮ ਦੁਆਰਾ 02 ਦੋਸ਼ੀ ਨੂੰ ਕਾਬੂ ਕਰਕੇ 02 ਕਿੱਲੋ ਹੈਰੋਇਨ ਬ੍ਰਾਮਦ ਕੀਤੀ ਗਈ**
- **ਇਸੇ ਤਰਾਂ ਐੱਨ.ਡੀ.ਪੀ.ਐੱਸ. ਐਕਟ, ਆਬਕਾਰੀ ਐਕਟ, ਜੂਆ ਐਕਟ ਅਤੇ ਅਸਲਾ ਐਕਟ ਤਹਿਤ ਕੁੱਲ 19 ਮਾਮਲਿਆ 'ਚ 19 ਅਪਰਾਧੀਆ ਨੂੰ ਕਾਬੂ ਕਰਕੇ ਭਾਰੀ ਮਾਤਰਾ ਵਿੱਚ ਬ੍ਰਾਮਦਗੀ ਕੀਤੀ ਗਈ**

**ਫਿਰੋਜ਼ਪੁਰ : 11 ਮਈ, 2023**

ਸ਼੍ਰੀ ਭੁਪਿੰਦਰ ਸਿੰਘ ਪੀ.ਪੀ.ਐੱਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਵੱਲੋਂ ਪ੍ਰੈਸ ਨੂੰ ਸੰਬੋਧਨ ਕਰਦਿਆ ਦੱਸਿਆ ਗਿਆ ਕਿ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਜੀ ਦੇ ਹੁਕਮਾਂ ਅਨੁਸਾਰ ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ ਮਿਤੀ 09 ਤੇ 10 ਮਈ, 2023 ਨੂੰ ਸ਼੍ਰੀ ਜਤਿੰਦਰ ਕੁਮਾਰ ਜੈਨ, ਆਈ.ਪੀ.ਐੱਸ., ਸਪੈਸ਼ਲ ਡਾਇਰੈਕਟਰ ਜਨਰਲ ਪੁਲਿਸ, ਪੀ.ਐੱਸ.ਪੀ.ਸੀ.ਐੱਲ. ਪੰਜਾਬ ਜੀ ਦੀ ਨਿਗਰਾਨੀ ਹੇਠ ਆਪਰੇਸ਼ਨ "VIGIL" ਚਲਾਇਆ ਗਿਆ; ਇਸ ਬਾਬਤ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜ਼ਟਡ ਪੁਲਿਸ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆ ਗਈਆ ਅਤੇ ਉਹਨਾਂ ਨੂੰ ਵੱਖ-ਵੱਖ ਜਿੰਮੇਵਾਰੀਆ ਸੌਂਪੀਆ ਗਈਆ। ਇਹਨਾਂ ਟੀਮਾਂ ਰਾਹੀਂ ਸਮਾਜ ਵਿਰੋਧੀ ਅਨਸਰਾਂ (ਨਸ਼ਾ ਤਸਕਰਾਂ ਆਦਿ) ਖਿਲਾਫ ਵਿਸ਼ੇਸ਼ ਅਭਿਆਨ ਚਲਾਇਆ ਗਿਆ, ਇਸ ਤੋਂ ਇਲਾਵਾ ਮੱਹਤਵਪੂਰਨ ਇਮਾਰਤਾਂ, ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ, ਹੋਟਲਾਂ ਆਦਿ ਦੀ ਚੈਕਿੰਗ ਕੀਤੀ ਗਈ। ਇਸ ਦੇ ਨਾਲ-ਨਾਲ ਪੂਰੇ ਜਿਲ੍ਹਾ ਅੰਦਰ ਸਖਤ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਗਈ। ਪੁਲਿਸ ਫੋਰਸ ਦੀ ਇਸ ਸਿਲਸਲੇ-ਵਾਰ ਕਾਰਵਾਈ ਨਾਲ ਸਮਾਜ ਵਿਰੋਧੀ ਅਨਸਰਾਂ ਨੂੰ ਖਦੇੜਨ ਵਿੱਚ ਸਫਲਤਾ ਮਿਲੀ ਹੈ, ਜਿਸ ਨਾਲ ਸਮਾਜ ਵਿੱਚ ਵੀ ਹਾਂਪੱਖੀ ਸੰਦੇਸ਼ ਗਿਆ ਹੈ।

ਇਸ ਮੁਹਿੰਮ ਤਹਿਤ ਸ਼੍ਰੀ ਮਨਜੀਤ ਸਿੰਘ, ਪੀ.ਪੀ.ਐੱਸ., ਕਪਤਾਨ ਪੁਲਿਸ, ਇੰਨਵ: ਫਿਰੋਜ਼ਪੁਰ (ਵਾਧੂ ਚਾਰਜ) ਅਤੇ ਸ਼੍ਰੀ ਫਤਿਹ ਸਿੰਘ ਬਰਾੜ, ਪੀ.ਪੀ.ਐੱਸ., ਉਪ ਕਪਤਾਨ ਪੁਲਿਸ, ਡਿਟੈਕਟਿਵ ਫਿਰੋਜ਼ਪੁਰ ਦੀ ਨਿਗਰਾਨੀ ਹੇਠ ਇੰਸ: ਹਰਪ੍ਰੀਤ ਸਿੰਘ, ਇੰਚਾਰਜ਼ ਸੀ.ਆਈ.ਏ. ਸਟਾਫ ਫਿਰੋਜ਼ਪੁਰ ਦੀ ਅਗਵਾਈ ਵਿੱਚ ਕੰਮ ਕਰ ਰਹੀ ਐੱਸ.ਆਈ. ਤਰਸੇਮ ਸ਼ਰਮਾ ਦੀ ਟੀਮ ਨੂੰ ਮਿਤੀ 10-05-2023 ਨੂੰ ਇੱਕ ਵੱਡੀ ਸਫਲਤਾ ਹੱਥ ਲੱਗੀ, ਜਿਸ ਨੂੰ ਦੌਰਾਨੇ ਗਸ਼ਤ ਗੁਪਤ ਸੂਤਰਾ ਤੋਂ ਇਤਲਾਹ ਮਿਲੀ ਕਿ ਜੈਪਾਲ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਵਾਰਡ ਨੰਬਰ 09, ਖੇਮਕਰਨ, ਜਿਲ੍ਹਾ ਤਰਨਤਾਰਨ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ, ਜੋ ਆਪਣੀ ਕਾਰ ਨੰਬਰੀ ਪੀ.ਬੀ.-46-ਏ.ਏ.-6186 ਪਰ ਸਵਾਰ ਹੋ ਕੇ ਹੈਰੋਇਨ ਵੇਚਣ ਲਈ ਫਿਰੋਜ਼ਪੁਰ ਨੂੰ ਆ ਰਿਹਾ ਹੈ। ਜਿਸ ਤੇ ਐੱਸ.ਆਈ. ਤਰਸੇਮ ਸ਼ਰਮਾ ਨੇ ਕਾਰਵਾਈ ਕਰਦਿਆ ਉਕਤ ਦੋਸ਼ੀ ਖਿਲਾਫ ਮੁਕੱਦਮਾ ਨੰਬਰ 50 ਮਿਤੀ 10-05-2023 ਅ/ਧ 21 ਐੱਨ.ਡੀ.ਪੀ.ਐੱਸ. ਐਕਟ ਥਾਣਾ ਕੁੱਲਗੜੀ ਦਰਜ ਕਰਵਾ ਕੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ **ਨੇੜੇ ਬੱਸ ਅੱਡਾ ਸਾਂਦੇ ਹਾਸ਼ਮ, ਫਿਰੋਜ਼ਪੁਰ-ਜ਼ੀਰਾ ਰੋਡ ਵਿਖੇ ਨਾਕਾਬੰਦੀ ਕਰਕੇ ਉਕਤ ਦੋਸ਼ੀ ਨੂੰ ਕਾਬੂ ਕੀਤਾ ਗਿਆ, ਜਿਸ ਪਾਸੋਂ 01 ਕਿੱਲੋ ਹੈਰੋਇਨ, 01 ਆਈਫੋਨ ਤੇ ਕਾਰ ਰਿਕਵਰ ਹੋਈ।** ਦੋਸ਼ੀ ਦੀ ਗ੍ਰਿਫਤਾਰੀ ਉਪਰੰਤ ਉਸ ਪਾਸੋਂ ਕੀਤੀ ਗਈ **ਪੁੱਛ-ਗਿੱਛ ਦੌਰਾਨ ਇਸਦੇ ਇੱਕ ਹੋਰ ਸਾਥੀ ਗੁਰਬਾਜ ਸਿੰਘ ਬਾਜਾ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਮਨਿਹਾਲਾ ਜੈ ਸਿੰਘ, ਜਿਲ੍ਹਾ ਤਰਨਤਾਰਨ ਬਾਰੇ ਖੁਲਾਸਾ ਹੋਇਆ (ਜਿਸ ਪਾਸੋਂ ਦੋਸ਼ੀ ਵੱਲੋਂ ਹੈਰੋਇਨ ਖਰੀਦ ਕਰਨੀ ਜਿਕਰ ਕੀਤੀ ਗਈ), ਜਿਸ ਨੂੰ ਮੁਕੱਦਮਾ ਹਜਾ ਵਿੱਚ ਜ਼ੁਰਮ 29 ਐੱਨ.ਡੀ.ਪੀ.ਐੱਸ. ਐਕਟ ਦਾ ਵਾਧਾ ਕਰਕੇ ਨਾਮਜਦ ਕੀਤਾ ਗਿਆ ਅਤੇ ਮਿਤੀ 11-05-2023 ਨੂੰ ਮੁਕੱਦਮਾ ਹਜਾ ਵਿੱਚ ਗ੍ਰਿਫਤਾਰ ਕੀਤਾ ਗਿਆ, ਜਿਸ ਦੇ ਇੰਕਸ਼ਾਪ ਦੇ ਆਧਾਰ ਤੇ ਉਸ ਪਾਸੋਂ 01 ਕਿੱਲੋ ਹੈਰੋਇਨ ਬ੍ਰਾਮਦ ਹੋਈ ਹੈ। <u>ਇਸ ਤਰਾਂ ਕੁੱਲ 02 ਕਿੱਲੋ ਹੈਰੋਇਨ ਬ੍ਰਾਮਦ ਹੋਈ ਹੈ।</u>** ਦੋਸ਼ੀਆਨ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਗੰਭੀਰਤਾ ਨਾਲ ਪੁੱਛ-ਗਿੱਛ ਕਰਕੇ ਇਹਨਾਂ ਦੇ ਸਾਥੀਆ ਬਾਰੇ ਵਾ ਨਸ਼ੇ ਦੇ ਸੋਰਸਾਂ, ਖਰੀਦਦਾਰਾਂ ਬਾਰੇ ਪਤਾ ਲਗਾ ਕੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਸ਼੍ਰੀ ਭੁਪਿੰਦਰ ਸਿੰਘ ਪੀ.ਪੀ.ਐੱਸ., ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਵੱਲੋਂ ਅੱਗੇ ਜਾਣਕਾਰੀ ਦਿੰਦਿਆ ਦੱਸਿਆ ਕਿ ਸਮੁੱਚੇ ਤੌਰ ਤੇ ਸਾਰੀਆ ਟੀਮਾਂ ਵੱਲੋਂ ਆਪਰੇਸ਼ਨ "VIGIL" ਤਹਿਤ **ਹੇਠ ਲਿਖੇ ਅਨੁਸਾਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕੀਤੀ ਗਈ ਹੈ:**

| ਜ਼ੁਰਮ | ਦਰਜ਼ ਮੁਕੱਦਮਾਤ | ਗ੍ਰਿਫਤਾਰ ਦੋਸ਼ੀ | ਬ੍ਰਾਮਦਗੀ |
|---|---|---|---|
| **ਐੱਨ.ਡੀ.ਪੀ.ਐੱਸ. ਐਕਟ** | 12 | 12 | **ਹੈਰੋਇਨ :** 02 ਕਿੱਲੋ 298 ਗ੍ਰਾਮ<br>**ਨਸ਼ੀਲੀਆ ਗੋਲੀਆ :** 525 |
| **ਆਬਕਾਰੀ ਐਕਟ** | 03 | 03 | **ਨਜ਼ਾਇਜ਼ ਸ਼ਰਾਬ :** 145 ਲੀਟਰ<br>**ਲਾਹਣ :** 20 ਕਿੱਲੋ<br>**ਬਰਤਨ :** 01 ਪਤੀਲਾ |
| **ਜੂਆ ਐਕਟ** | 03 | 03 | **ਜੂਏ ਦੀ ਰਕਮ :** 5500/- ਰੁਪਏ |
| **ਅਸਲਾ ਐਕਟ** | 01 | 01 | **ਗੰਨ :** 01 (12 ਬੋਰ ਦੋਨਾਲੀ) ਸਮੇਤ 04 ਜਿੰਦਾ ਰੌਂਦ |
| **ਕੁੱਲ** | **19** | **19** | |

**ਹੋਰ ਪ੍ਰਾਪਤੀਆ :**

- 01 ਪੀ.ਓ. ਨੂੰ ਗ੍ਰਿਫਤਾਰ ਕੀਤਾ ਗਿਆ ਹੈ।
- ਵੱਖ-ਵੱਖ ਟੀਮਾਂ ਵੱਲੋਂ 706 ਵਹੀਕਲ ਚੈੱਕ ਕੀਤੇ ਗਏ, ਜਿੰਨਾਂ ਵਿੱਚੋਂ ਨਿਯਮਾਂ ਦੀ ਉਲੰਘਣਾ ਕਰਦੇ ਪਾਏ ਗਏ 101 ਵਹੀਕਲਾਂ ਦੇ ਚਲਾਣ ਕੀਤੇ ਗਏ ਅਤੇ 06 ਵਹੀਕਲ ਇੰਪਾਊਂਡ ਕੀਤੇ ਗਏ ਹਨ।
- ਵੱਖ-ਵੱਖ ਟੀਮਾਂ ਵੱਲੋਂ 821 ਸ਼ੱਕੀ ਵਿਅਕਤੀਆ ਦੀ ਚੈਕਿੰਗ ਕੀਤੀ ਗਈ।

## ਮੁ:ਨੰ: 50 ਮਿਤੀ 10-05-2023 ਅ/ਧ 21,29 ਐੱਨ.ਡੀ.ਪੀ.ਐੱਸ. ਐਕਟ ਥਾਣਾ ਕੁੱਲਗੜੀ

**ਦੋਸ਼ੀ :**

1} ਜੈਪਾਲ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਵਾਰਡ ਨੰਬਰ 09, ਖੇਮਕਰਨ, ਜਿਲ੍ਹਾ ਤਰਨਤਾਰਨ।
(ਉਮਰ ਕਰੀਬ 18/19 ਸਾਲ) **ਗ੍ਰਿਫ: ਮਿਤੀ 10-05-2023**

2} ਗੁਰਬਾਜ ਸਿੰਘ ਬਾਜਾ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਮਨਿਹਾਲਾ ਜੈ ਸਿੰਘ, ਜਿਲ੍ਹਾ ਤਰਨਤਾਰਨ।
(ਉਮਰ ਕਰੀਬ 30 ਸਾਲ) **ਗ੍ਰਿਫ: ਮਿਤੀ 11-05-2023**

**ਬ੍ਰਾਮਦਗੀ : ਕੁੱਲ 02 ਕਿੱਲੋ ਹੈਰੋਇਨ, 01 ਆਈਫੋਨ ਅਤੇ ਕਾਰ ਸਵਿੱਫਟ ਨੰ: ਪੀ.ਬੀ.-46-ਏ.ਏ.-6186**

**ਦੋਸ਼ੀਆਨ ਦਾ ਸਾਬਕਾ ਪੜਤਾਲ ਰਿਕਾਰਡ :**

| ਲੜੀ ਨੰਬਰ | ਦੋਸ਼ੀ ਦਾ ਨਾਮ ਪਤਾ | ਪਹਿਲਾਂ ਦਰਜ਼ ਮੁਕੱਦਮਾਤ |
|---|---|---|
| 1 | ਜੈਪਾਲ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਵਾਰਡ ਨੰਬਰ 09, ਖੇਮਕਰਨ, ਜਿਲ੍ਹਾ ਤਰਨਤਾਰਨ | - |
| 2 | ਗੁਰਬਾਜ ਸਿੰਘ ਬਾਜਾ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਮਨਿਹਾਲਾ ਜੈ ਸਿੰਘ, ਜਿਲ੍ਹਾ ਤਰਨਤਾਰਨ। **{ਨਾਮਜਦ}** | ਮੁ.ਨੰ. 217 ਮਿਤੀ 12-05-2018 ਅ/ਧ 420,467,468,471 ਭ.ਦ, 21,22 ਐਨ.ਡੀ.ਪੀ.ਐਸ ਐਕਟ 25,27 ਅਸਲਾ ਐਕਟਥਾਣਾ ਸਿਵਲ ਲਾਈਨ ਅੰਮ੍ਰਿਤਸਰ ਸਾਹਿਬ। |